# ਪੰਜਾਬ ਸਰਕਾਰ
# ਸਕੂਲ ਸਿੱਖਿਆ ਵਿਭਾਗ
## <u>ਪਬਲਿਕ ਨੋਟਿਸ</u>

ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੁਆਰਾ ਐਲ.ਪੀ.ਏ. ਨੰ 999 ਆਫ 2013 ਪੰਜਾਬ ਸਰਕਾਰ ਬਨਾਮ ਜਿਓਤੀ ਜਿੰਦਲ ਅਤੇ ਐਲ.ਪੀ.ਏ. ਨੰ 1000 ਆਫ 2013 ਪੰਜਾਬ ਸਰਕਾਰ ਬਨਾਮ ਸਵੇਤਾ ਵਿਜਵੇਸ਼ਵਰ ਅਤੇ ਹੋਰ ਦੇ ਕੇਸਾਂ ਵਿੱਚ ਮਿਤੀ 05-07-2013 ਨੂੰ ਦਿਤੇ ਅੰਤਰਿਮ ਹੁਕਮਾਂ ਦੇ ਸੱਨਮੁਖ ਹਿੰਦੀ ਮਾਸਟਰ/ ਮਿਸਟ੍ਰੇਸ ਦੀ ਜਨਰਲ ਕੈਟਾਗਰੀ ਵਿੱਚ ਅਪਲਾਈ ਕਰਨ ਵਾਲੇ ਉਮੀਦਵਾਰ ਜਿਹਨਾਂ ਦੀ ਮੈਰਿਟ 62.1167 ਭਾਵ ਅੰਤਲੇ ਨਿਯੁਕਤ ਕੀਤੇ ਉਮੀਦਵਾਰ ਤੋ ਵੱਧ ਹੈ ਅਤੇ ਜਿਹਨਾਂ ਨੇ ਪੰਜਾਬ ਸਰਕਾਰ ਸਕੂਲ ਸਿੱਖਿਆ ਵਿਭਾਗ ਦੁਆਰਾ ਮਿਤੀ 23-09-2009 ਨੂੰ ਵੱਖ-ਵੱਖ ਕਾਡਰ ਦੀਆਂ ਪ੍ਰਕਾਸਿਤ ਕੀਤੀਆਂ 7654 ਅਸਾਮੀਆਂ, ਜਿਹਨਾਂ ਵਿੱਚੋ ਹਿੰਦੀ ਮਾਸਟਰ/ਮਿਸਟ੍ਰੇਸ ਦੀਆ 713 ਅਸਾਮੀਆਂ ਵੀ ਸ਼ਾਮਲ ਸਨ ਦੇ ਵਿਰੁਧ ਅਪਲਾਈ ਕੀਤਾ ਸੀ ਉਹਨਾਂ ਉਮੀਦਵਾਰਾਂ ਨੂੰ ਮਿਤੀ 22-07-2013 ਨੂੰ ਸਵੇਰੇ 10 ਵੱਜੇ ਤੇ ਸ਼ਾਮ 5:00 ਵਜੇ ਤੱਕ ਸਥਾਨ: ਸਰਕਾਰੀ ਸੀਨੀਅਰ ਸਕੈਡਰੀ ਸਕੂਲ, ਫੇਜ-3 ਬੀ-1, ਮੋਹਾਲੀ ਵਿਖੇ ਅਸਲ ਦਸਤਾਵੇਜਾਂ ਦੀ ਸਕਰੂਟਨੀ ਲਈ ਹੇਠ ਲਿਖਿਆ ਸ਼ਰਤਾਂ ਅਨੁਸਾਰ ਬੁਲਾਇਆ ਜਾਦਾ ਹੈ :-

1. ਉਮੀਦਵਾਰ ਮਿੱਥੇ ਸਥਾਨ ਅਤੇ ਮਿਤੀ ਨੂੰ ਮੁੰਕਮਲ ਅਸਲ ਦਸਤਾਵੇਜਾਂ ਅਤੇ ਉਹਨਾਂ ਦੀ ਇੱਕ ਤਸਦੀਕ ਸ਼ੁਦਾ ਫੋਟੋਕਾਪੀ ਸਮੇਤ ਸਕਰੂਟਨੀ ਵਿੱਚ ਹਾਜਰ ਹੋਣਾ ਯਕੀਨੀ ਬਣਾਉਣ ਤਾ ਜੋ ਉਹਨਾ ਦੀ ਅਸਲ ਮੈਰਿਟ ਤਿਆਰ ਕੀਤੀ ਜਾ ਸਕੇ।

2. ਇਹ ਸੱਦਾ ਇਸ ਸੱਕਰੂਟਨੀ ਲਈ ਆਖਰੀ ਸੱਦਾ ਹੈ ਅਤੇ ਇਸ ਤੋ ਬਾਦ ਕਿਸੇ ਵੀ ਉਮੀਦਵਾਰ ਦਾ ਕਲੇਮ ਕਿਸੇ ਵੀ ਹਾਲਾਤ ਵਿੱਚ ਨਹੀ ਵਿਚਾਰਿਆਂ ਜਾਵੇਗਾ।

3. ਵਿਗਿਆਪਨ ਮਿਤੀ 23-09-2009 ਅਤੇ ਇਸ ਸਬੰਧੀ ਵੱਖ-ਵੱਖ ਸਮੇਂ ਤੇ ਦਿੱਤੇ ਗਏ ਪਬਲਿਕ ਨੋਟਿਸਾਂ ਵਿੱਚ ਦਰਜ ਸ਼ਰਤਾ ਅਤੇ ਇਸ ਮੁੱਦੇ ਤੇ ਵਿਭਾਗ ਵੱਲੋ ਦਾਇਰ ਕੀਤੀ ਐਲ.ਪੀ.ਏ./ਅਪੀਲ ਵਿੱਚ ਮਾਨਯੋਗ ਹਾਈਕੋਰਟ ਦਾ ਫੈਸਲਾ ਇਸ ਸਕਰੂਟਨੀ ਤੇ ਲਾਗੂ ਹੋਵੇਗਾ।

ਸਹੀ/-

ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ।